## ਵਿਸ਼ਾ : ਲਾਇਬ੍ਰੇਰੀ ਲਈ ਕਿਤਾਬਾਂ ਦੀ ਖ਼੍ਰੀਦ ਸਬੰਧੀ ਦਿਸ਼ਾ ਨਿਰਦੇਸ਼।

1. ਬਜਟ ਵਿਚ ਰੱਖੇ ਗਏ ਹਾਈ ਅਤੇ ਸੈਕੰਡਰੀ ਸਕੂਲਾਂ ਵਿਚ ਲਾਇਬ੍ਰੇਰੀਆਂ ਸਥਾਪਿਤ ਕਰਨ ਲਈ ਹਰ ਸਕੂਲ ਨੂੰ 10000/- ਰੁਪਏ ਪ੍ਰਤੀ ਸਕੂਲ ਅਨੁਸਾਰ ਗ੍ਰਾਂਟ ਜਾਰੀ ਕੀਤੀ ਜਾ ਰਹੀ ਹੈ।
2. ਇਹ ਰਾਸ਼ੀ ਜਾਰੀ ਹੋਣ ਉਪਰੰਤ ਜਿਲਾ ਮੁਖੀ ਸਾਰੇ ਸਕੂਲ ਮੁਖੀਆਂ ਨੂੰ ਨਿਰਦੇਸ਼ ਜਾਰੀ ਕਰਨਗੇ ਕਿ ਉਹ ਇਹ ਰਕਮ ਪ੍ਰਾਪਤ ਹੋਣ ਉਪਰੰਤ ਸਕੂਲ ਦੇ ਮੁਖੀ ਅਧਿਆਪਕਾਂ ਅਤੇ ਸਿੱਖਿਆ/ਅਕਾਦਮਿਕ ਕਮੇਟੀ ਦੀ ਮੀਟਿੰਗ ਕਰਨਗੇ ਜਿਸ ਵਿਚ ਪੀ.ਟੀ.ਏ. ਦੇ ਮੈਂਬਰ ਵੀ ਹੋਣੇ ਚਾਹੀਦੇ ਹਨ। ਇਸ ਮੀਟਿੰਗ ਵਿਚ ਸਕੂਲ ਲਾਈਬ੍ਰੇਰੀ ਲਈ ਪੁਸਤਕਾਂ ਖਰੀਦਣ ਲਈ ਹੇਠ ਲਿਖੀਆਂ ਹਦਾਇਤਾਂ ਅਨੁਸਾਰ ਫੈਸਲਾ ਲਿਆ ਜਾਵੇਗਾ। ਇਹ ਪੁਸਤਕਾਂ ਸਕੂਲ ਪੱਧਰ ਤੇ ਹੀ ਖਰੀਦੀਆਂ ਜਾਣਗੀਆਂ।

   i. ਸਕੂਲਾਂ ਲਈ ਖਰੀਦੀਆਂ ਗਈਆਂ ਪੁਸਤਕਾਂ ਦੀ ਘੱਟੋ ਘੱਟ ਗਿਣਤੀ 200 ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ।
   ii. ਇਕ ਪੁਸਤਕ ਦੀ ਇੱਕ ਕਾਪੀ ਹੀ ਖਰੀਦੀ ਜਾਵੇ। ਕੋਈ ਵੀ ਪੁਸਤਕ ਸਾਲ 2001 ਤੋਂ ਪਹਿਲਾਂ ਦੀ ਛਪੀ ਹੋਈ ਨਾ ਖਰੀਦੀ ਜਾਵੇ।
   iii. ਪੁਸਤਕ ਦਾ ਨਾਂ ਇਕੋ ਸਮਾਨ ਪੁਸਤਕ ਦੇ ਕਵਰ ਅਤੇ ਉਸਦੇ ਅੰਦਰ ਛਪਿਆ ਹੋਵੇ।
   iv. ਪੁਸਤਕ ਕਟੀ, ਫਟੀ ਜਾਂ ਮਾੜੀ ਹਾਲਤ ਵਿੱਚ ਨਾ ਹੋਵੇ। ਪੁਸਤਕ ਛਪਣ ਦਾ ਵਰ੍ਹਾ ਜਾਂ ਪੁਸਤਕ ਦੀ ਕੀਮਤ ਤੇ ਸਟੀਕਰ ਲਗਾ ਕੇ, ਜਾਂ ਮੋਹਰ ਲਗਾ ਕੇ ਜਾਂ ਕੱਟ ਕੇ ਦਰੁਸਤੀ ਨਾ ਕੀਤੀ ਹੋਵੇ। ਸਿਰਫ ਮੂਲ ਰੂਪ ਵਿੱਚ ਛਪੀ ਕੀਮਤ ਜਾਂ ਵਰ੍ਹਾ ਹੀ ਠੀਕ ਮੰਨਿਆ ਜਾਵੇ। ਮੁੱਲ ਵਿਚ ਦਰੁਸਤ ਕੀਤੀ ਪੁਸਤਕ ਨਾ ਖਰੀਦੀ ਜਾਵੇ।
   v. ਇਹ ਗ੍ਰਾਂਟ ਪਾਠ-ਪੁਸਤਕਾਂ ਅਤੇ ਪਾਠ ਸਬੰਧੀ ਹੋਰ ਸਮੱਗਰੀ, ਖਰੀਦਣ ਲਈ ਨਹੀਂ ਵਰਤੀ ਜਾ ਸਕਦੀ। ਇਸਦਾ ਉਦੇਸ਼ ਬੱਚਿਆਂ ਵਿੱਚ ਪੜ੍ਹਨ ਦੀ ਚੇਟਕ ਲਗਾਉਣੀ, ਉਨ੍ਹਾਂ ਦਾ ਮਨੋਰੰਜਨ ਕਰਨਾ, ਗਿਆਨ ਪ੍ਰਾਪਤੀ ਲਈ ਤੇਹ ਜਗਾਉਣੀ, ਵਾਤਾਵਰਣ ਨਾਲ ਤਾਲ ਮੇਲ ਪੈਦਾ ਕਰਨਾ, ਆਪਣੇ ਸਮਾਜ, ਸਭਿਆਚਾਰ, ਇਤਿਹਾਸ, ਭੂਗੋਲ, ਵਿਗਿਆਨ, ਭਾਸ਼ਾਵਾਂ, ਮਹਾਪੁਰਸ਼ਾਂ, ਗੁਰੂਆਂ, ਰਿਸ਼ੀਆਂ-ਮੁਨੀਆਂ, ਭਗਤਾਂ, ਆਜ਼ਾਦੀ ਦੇ ਪਰਵਾਨਿਆਂ, ਸਮਾਜ ਸੁਧਾਰਕਾਂ ਦੀਆਂ ਪ੍ਰੇਰਕ ਜੀਵਨੀਆਂ ਨਾਲ ਜਾਣੂ ਕਰਵਾਉਣਾ ਹੈ। ਵਿਦਿਆਰਥੀਆਂ ਵਿੱਚ ਪੁਸਤਕਾਂ ਦਾ ਆਕਰਸ਼ਨ ਵਧਾਉਣ ਲਈ ਸੁਚਿਤਰ, ਸੁਚੱਜੇ ਕਵਰ ਵਾਲੀਆਂ ਵੱਡੇ ਸਾਇਜ ਦੀਆਂ ਅਤੇ ਹੰਢਣਸਾਰ ਨੂੰ ਤਰਜੀਹ ਦਿੱਤੀ ਜਾਵੇ।
   vi. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਰੀਦੀਆਂ ਪੁਸਤਕਾਂ ਦਾ ਘੱਟੋ ਘੱਟ 65 ਪ੍ਰਤੀਸ਼ਤ ਭਾਗ ਪੰਜਾਬੀ ਦੀਆਂ ਕਿਤਾਬਾਂ ਦਾ ਹੋਣਾ ਲਾਜ਼ਮੀ ਹੈ। 35 ਪ੍ਰਤੀਸ਼ਤ ਰਕਮ ਦੀਆਂ ਹਿੰਦੀ ਅਤੇ ਅੰਗਰੇਜ਼ੀ ਦੀਆਂ ਪੁਸਤਕਾਂ ਖਰੀਦੀਆਂ ਜਾਣੀਆਂ ਚਾਹੀਦੀਆਂ ਹਨ।
   vii. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੁਸਤਕਾਂ ਦੀ ਕੀਮਤ ਤੇ ਘੱਟੋ ਘੱਟ 40 ਪ੍ਰਤੀਸ਼ਤ ਡਿਸਕਾਊਂਟ ਲਿਆ ਜਾਵੇ। ਇਸ ਡਿਸਕਾਊਂਟ ਤੋਂ ਘੱਟ ਦੇਣ ਵਾਲੇ ਪ੍ਰਕਾਸ਼ਕ/ਦੁਕਾਨਦਾਰ ਤੋਂ ਪੁਸਤਕਾਂ ਦੀ ਖਰੀਦ ਨਾ ਕੀਤੀ ਜਾਵੇ।
   viii. ਪੁਸਤਕਾਂ ਬੱਚਿਆਂ ਦੀ ਪੜ੍ਹਨ ਰੁਚੀ ਅਨੁਸਾਰ ਹੋਣ। ਪੁਸਤਕਾਂ ਦਿਲਕਸ਼ ਅਤੇ ਬਾਲ ਮਨ ਅਨੁਸਾਰ ਹੋਣ। ਕਹਾਣੀਆਂ, ਗੀਤ, ਕਵਿਤਾਵਾਂ, ਨਾਵਲ, ਲੇਖ, ਵਾਰਤਕ, ਸਵੈ ਵਿਕਾਸ, ਪ੍ਰਸਿੱਧ ਪੁਸਤਕਾਂ ਦੇ ਅਨੁਵਾਦ, ਵਿਸ਼ਵ ਕਲਾਸਕੀ ਸਾਹਿਤ ਅਤੇ ਉਹਨਾਂ ਦੇ ਅਨੁਵਾਦ, ਲੋਕਗੀਤ, ਲੋਕਕਥਾਵਾਂ, ਲੋਕਖੇਡਾਂ, ਬੁਝਾਰਤਾਂ, ਗਿਆਨ-ਵਿਗਿਆਨ, ਖੋਜਾਂ, ਯਾਤਰਾਵਾਂ, ਜੀਵਨੀਆਂ, ਕਿੱਤੇ-ਕਸਬ, ਰੋਚਕ ਕਥਾਵਾਂ, ਤਿੱਥ ਤਿਉਹਾਰ, ਮੇਲੇ, ਸਭਿਆਚਾਰ ਆਦਿ ਪੁਸਤਕਾਂ ਉਚੇਚ ਪੱਧਰ ਤੇ ਖਰੀਦੀਆਂ ਜਾਣ।

ix. ਗਿਆਨ ਪੀਠ ਅਵਾਰਡ, ਸਾਹਿਤ ਅਕਾਦਮੀ ਅਵਾਰਡ, ਰਾਸ਼ਟਰੀ ਅਤੇ ਰਾਜ ਦੇ ਅਵਾਰਡ ਪ੍ਰਾਪਤ ਲੇਖਕਾਂ ਅਤੇ ਪੁਸਤਕਾਂ ਨੂੰ ਤਰਜੀਹ ਦਿੱਤੀ ਜਾਵੇ। ਪੰਜਾਬੀ ਦੇ ਪ੍ਰਮੁਖ ਲੇਖਕਾਂ ਦੀਆਂ ਪੁਸਤਕਾਂ ਉਚੇਚ ਪੱਧਰ ਤੇ ਲਈਆਂ ਜਾਣ।

x. ਪੁਸਤਕਾਂ ਦੀ ਖਰੀਦ ਉਪਰੰਤ ਸਕੂਲਾਂ ਤੋਂ ਵਰਤੋਂ ਸਰਟੀਫਿਕੇਟ ਇਕ ਹਫਤੇ ਦੇ ਅੰਦਰ ਜਿਲ੍ਹਾ ਸਿੱਖਿਆ ਅਧਿਕਾਰੀਆਂ ਕੋਲ ਪੁੱਜ ਜਾਣਾ ਚਾਹੀਦਾ ਹੈ।

xi. ਪੁਸਤਕਾਂ ਦੀ ਖਰੀਦ ਦਾ ਕੰਮ ਹਰ ਹਾਲਤ ਵਿਚ 31 ਮਾਰਚ ਤਕ ਮੁਕੰਮਲ ਕਰ ਲਿਆ ਜਾਣਾ ਚਾਹੀਦਾ ਹੈ।

xii. ਖਰੀਦੀਆਂ ਗਈਆ ਪੁਸਤਕਾਂ ਦਾ ਇੰਦਰਾਜ ਕਾਇਦੇ ਅਨੁਸਾਰ ਲਾਇਬ੍ਰੇਰੀ ਦੇ ਰਜਿਸਟਰ ਵਿਚ ਕੀਤਾ ਜਾਣਾ ਲਾਜਮੀ ਹੈ। ਹਰ ਸਕੂਲ ਇਕ ਅਧਿਆਪਕ ਨੂੰ ਲਾਇਬ੍ਰੇਰੀ ਦਾ ਇੰਚਾਰਜ ਬਣਾਏਗਾ।

xiii. ਇਹ ਲਾਜ਼ਮੀ ਬਣਾਇਆ ਜਾਵੇਗਾ ਕਿ ਪੁਸਤਕਾਂ ਬੱਚਿਆਂ ਦੇ ਲਾਭ ਲਈ ਵਰਤੀਆਂ ਜਾਣ। ਪੁਸਤਕਾਂ ਉਨ੍ਹਾਂ ਨੂੰ ਸਕੂਲ ਵਿਚ ਪੜ੍ਹਨ ਨੂੰ ਦਿੱਤੀਆਂ ਜਾਣ। ਜਿਹੜੇ ਬੱਚੇ ਪੁਸਤਕਾਂ ਨੂੰ ਘਰ ਲਿਜਾਣਾ ਚਾਹੁੰਦੇ ਹੋਣ ਉਨ੍ਹਾਂ ਨੂੰ ਮਿੱਥੇ ਸਮੇਂ ਲਈ ਪੁਸਤਕਾਂ ਘਰ ਲੈ ਜਾਣ ਲਈ ਦਿੱਤੀਆਂ ਜਾਣ। ਬੱਚਿਆਂ ਨੂੰ ਪੁਸਤਕਾਂ ਪੜ੍ਹਨ ਲਈ ਵੱਧ ਤੋਂ ਵੱਧ ਉਤਸਾਹਿਤ ਕੀਤਾ ਜਾਵੇ।

xiv. ਕੋਈ ਵੀ ਅਜਿਹੀ ਪੁਸਤਕ ਨਾ ਖਰੀਦੀ ਜਾਵੇ ਜਿਸ ਨਾਲ ਅੰਧ ਵਿਸ਼ਵਾਸ, ਸਮਾਜਿਕ ਕਲੇਸ਼ ਜਾਂ ਸਮਾਜਿਕ ਮਨ-ਮੁਟਾਓ ਦੀ ਭਾਵਨਾ ਪੈਦਾ ਹੋਵੇ ਅਤੇ ਕੋਈ ਵੀ ਪੁਸਤਕ ਲੱਚਰ ਨਹੀਂ ਹੋਣੀ ਚਾਹੀਦੀ। ਬਲਕਿ ਅਜਿਹੀਆਂ ਪੁਸਤਕਾਂ ਖਰੀਦੀਆਂ ਜਾਣ ਜਿਹਨਾਂ ਨਾਲ ਅਗਾਂਹ ਵਧੂ ਅਤੇ ਵਿਗਿਆਨਿਕ ਸੋਚ, ਅਨੁਸਾਸਨ, ਦੇਸ ਭਗਤੀ, ਧਰਮ ਨਿਰਪੱਖਤਾ ਅਤੇ ਆਪਸੀ ਭਾਈਚਾਰੇ ਦੀ ਭਾਵਨਾ ਵਿੱਚ ਵਾਧਾ ਹੋਵੇ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ, ਚੰਡੀਗੜ੍ਹ।**